# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ,ਬਲਾਕ ਈ,ਛੇਵੀਂ ਮੰਜਿਲ,ਫੇਜ਼-8, ਮੋਹਾਲੀ,

ਈ-ਮੇਲ:directorscert@punjabeducation.gov.in,ਫੋਨਨੰਬਰ:0172-2212221


2025/03724

ਵ-6

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿੱ.)

ਪੰਜਾਬ।

ਮੀਮੋ ਨੰ: e-918836/SCERT/English/2025/ 206689

ਮਿਤੀ:ਐੱਸ.ਏ.ਐੱਸ. ਨਗਰ, 18.07.25

**ਵਿਸ਼ਾ: ਸੈਸ਼ਨ 2025-26 ਦੌਰਾਨ ਅੰਗਰੇਜ਼ੀ ਵਿਸ਼ੇ ਅਧੀਨ ਵਿਦਿਆਰਥੀਆਂ ਲਈ English Circles ਅਧੀਨ ਗਤੀਵਿਧੀਆਂ ਕਰਵਾਉਣ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸੈਸ਼ਨ 2025-26 ਤੋਂ ਵਿਦਿਆਰਥੀਆਂ ਵਿੱਚ Spoken English Skills ਵਿਕਸਿਤ ਕਰਨ ਲਈ, ਵਿਦਿਆਰਥੀਆਂ ਵਿੱਚ ਸੰਚਾਰ ਦੇ ਹੁਨਰ ਵਿੱਚ ਵਾਧਾ ਕਰਨ ਲਈ, ਅੰਗਰੇਜ਼ੀ ਬੋਲਣ ਸਮੇਂ ਹਿਚਕਿਚਾਹਟ ਦੂਰ ਕਰਨ ਲਈ, ਆਤਮ-ਵਿਸ਼ਵਾਸ ਲਿਆਉਣ ਲਈ English Circles ਦੇ ਅਧੀਨ ਗਤੀਵਿਧੀਆਂ ਕਰਵਾਈਆਂ ਜਾਣ ।

3.0 ਇਸ ਵਿੱਚ ਸ਼ੁਰੂਆਤੀ ਤੌਰ ਤੇ ਅੰਗਰੇਜ਼ੀ ਭਾਸ਼ਾ ਬੋਲਣ ਵਿੱਚ ਮੁਹਾਰਤ ਕਰਨ ਲਈ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਚਾਹਵਾਨ ਵਿਦਿਆਰਥੀ ਜਾਂ ਲੈਕਚਰਾਰਾਂ/ਅਧਿਆਪਕਾਂ ਦੁਆਰਾ ਚੁਣੇ ਗਏ ਵਿਦਿਆਰਥੀ ਭਾਗ ਲੈਣਗੇ।

4.0 English Circles ਵਿੱਚ ਅਧਿਆਪਕਾਂ ਦੀ ਸਹੂਲਤ ਲਈ ਸੁਝਾਵਿਤ ਗਤੀਵਿਧੀਆਂ ਅਤੇ ਉਹਨਾਂ ਨੂੰ ਕਰਵਾਉਣ ਦਾ ਢੰਗ ਨਾਲ ਨੱਥੀ ਹੈ।

5.0 ਉਕਤ ਪ੍ਰੋਗਰਾਮ ਲਈ ਇੰਚਾਰਜ ਅੰਗਰੇਜ਼ੀ ਪੜ੍ਹਾਉਣ ਵਾਲੇ ਲੈਕਚਰਾਰ/ਅਧਿਆਪਕ ਹੋਣਗੇ ਅਤੇ ਜੇਕਰ ਕਿਸੇ ਸਕੂਲ ਵਿੱਚ ਅੰਗਰੇਜ਼ੀ ਵਿਸ਼ੇ ਦਾ ਅਧਿਆਪਕ ਨਹੀਂ ਹੈ ਤਾਂ ਅੰਗਰੇਜ਼ੀ ਵਿਸ਼ਾ ਪੜ੍ਹਾਉਣ ਵਾਲਾ ਅਧਿਆਪਕ ਇਸ ਦਾ ਇੰਚਾਰਜ ਹੋਵੇਗਾ।

6.0 English Circles ਦੇ ਪਹਿਲੇ ਫੇਜ਼ ਵਿੱਚ ਵਿਦਿਆਰਥੀ Show and Tell Activity ਕਰਨਗੇ ਜਿਸ ਵਿੱਚ 6-8 ਜਮਾਤ ਦੇ ਵਿਦਿਆਰਥੀ ਕਿਸੇ ਵੀ ਚੀਜ਼/ਟਾਪਿਕ ਤੇ 5-7 ਲਾਈਨਾਂ ਅਤੇ 9-12 ਜਮਾਤ ਦੇ 8-10 ਲਾਈਨਾਂ ਬੋਲਣਗੇ। ਪਹਿਲੇ ਫੇਜ਼ ਵਿੱਚ ਮੁਹਾਰਤ ਹਾਸਲ ਕਰਨ ਵਾਲੇ ਵਿਦਿਆਰਥੀ Conversation Skills / Role Play ਵਿੱਚ ਭਾਗ ਲੈਣਗੇ।

7.0 ਲੈਕਚਰਾਰਾਂ/ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਇੱਕ ਮਹੀਨੇ ਵਿੱਚ 3 ਟਾਪਿਕਸ ਦਿੱਤੇ ਜਾਣਗੇ ਜੋ ਕਿ ਵਿਦਿਆਰਥੀ ਘਰ ਤੋਂ ਤਿਆਰ ਕਰ ਸਕਦੇ ਹਨ।ਅਲਾਟ ਕੀਤੇ ਟਾਪਿਕਸ ਸਵੇਰ ਦੀ ਸਭਾ ਜਾਂ ਅੰਗਰੇਜ਼ੀ ਵਿਸ਼ੇ ਦੇ ਪੀਰੀਅਡ ਵਿੱਚ ਪੇਸ਼ ਕਰਨਗੇ।

8.0 ਸਭ ਤੋਂ ਵਧੀਆ ਪੇਸ਼ਕਾਰੀ ਵਾਲੇ ਵਿਦਿਆਰਥੀ ਦੀ ਅਧਿਆਪਕ ਦੁਆਰਾ ਵੀਡੀਓ ਬਣਾ ਕੇ ਸਕੂਲ ਦੇ ਸੋਸ਼ਲ ਮੀਡੀਆ ਪਲੇਟਫਾਰਮ ਤੇ ਅਧਿਆਪਕਾਂ ਦੁਆਰਾ ਸਾਂਝੀ ਕੀਤੀ ਜਾਵੇਗੀ। ਵਿਦਿਆਰਥੀਆਂ ਦਾ ਉਤਸ਼ਾਹ ਵਧਾਉਣ ਲਈ ਸਵੇਰ ਦੀ ਸਭਾ ਵਿੱਚ ਬੈਜ ਦਿੱਤੇ ਜਾ ਸਕਦੇ ਹਨ ਅਤੇ ਸਕੂਲ ਦੇ ਨੋਟਿਸ ਬੋਰਡ ਤੇ ਵਿਦਿਆਰਥੀਆਂ ਦੇ ਨਾਮ ਡਿਸਪਲੇਅ ਕੀਤੇ ਜਾ ਸਕਦੇ ਹਨ।

9.0 ਉਪਰੋਕਤ ਗਤੀਵਿਧੀ ਤੋਂ ਇਲਾਵਾ, English Circles ਦੇ ਵਿਦਿਆਰਥੀ ਮਹੀਨੇ ਦੇ ਦੂਜੇ ਪੂਰੇ ਹਫਤੇ ਸਵੇਰ ਦੀ ਸਭਾ ਕੰਡਕਟ ਕਰਵਾਉਣਗੇ ਜਿਸ ਵਿੱਚ ਨਾਲ ਨੱਥੀ ਸੁਝਾਵਿਤ ਗਤੀਵਿਧੀਆਂ ਕਰਵਾਈਆਂ ਜਾਣਗੀਆਂ।

10.0 6-12 ਜਮਾਤ ਦੇ ਵਿਦਿਅਰਥੀਆਂ ਦੀ ਸ਼ਬਦਾਵਲੀ ਵਿੱਚ ਵਾਧਾ ਕਰਨ ਲਈ ਸਟੇਟ ਦੁਆਰਾ ਡੀ.ਆਰ.ਸੀਜ਼. ਅਤੇ ਬੀ.ਆਰ.ਸੀਜ਼ ਰਾਹੀਂ ਅਧਿਆਪਕਾਂ ਤੱਕ "Word of the Day" ਦੀ ਇੱਕ ਸਲਾਈਡ ਰੋਜ਼ਾਨਾ ਸ਼ੇਅਰ ਕੀਤੀ ਜਾਵੇਗੀ। ਇਸ ਗਤੀਵਿਧੀ ਨੂੰ ਸਵੇਰ ਦੀ ਸਭਾ ਵਿੱਚ ਕਰਵਾਇਆ ਜਾ ਸਕਦਾ ਹੈ।

11.0 English Circles ਦੇ ਮੈਂਬਰ ਆਪਸ ਵਿੱਚ ਅਤੇ ਆਪਣੇ ਅੰਗਰੇਜ਼ੀ ਦੇ ਅਧਿਆਪਕ ਨਾਲ ਗੱਲ ਕਰਨ ਵੇਲੇ ਵੱਧ ਤੋਂ ਵੱਧ ਅੰਗਰੇਜ਼ੀ ਭਾਸ਼ਾ ਦਾ ਇਸਤੇਮਾਲ ਕਰਨਗੇ।

12.0 ਡੀ.ਆਰ.ਸੀ.ਦੁਆਰਾ ਉਕਤ ਗਤੀਵਿਧੀਆਂ ਦੀਆਂ ਉੱਤਮ ਫੋਟੋਆਂ ਸਮੇਂ-ਸਮੇਂ ਤੇ scertenglish@punjabeducation.gov.in ਤੇ ਈ ਮੇਲ ਕੀਤੀਆਂ ਜਾਣਗੀਆਂ।

13.0 ਜ਼ਿਲ੍ਹਾ ਸਿੱਖਿਆ ਅਫਸਰ ,ਡੀ.ਆਰ.ਸੀਜ਼. ਅਤੇ ਬੀ.ਆਰ.ਸੀਜ਼ ਸਕੂਲ ਵਿਜ਼ਿਟ ਦੌਰਾਨ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕਰਕੇ ਉਹਨਾਂ ਦੀ ਹੌਸਲਾ ਅਫਜ਼ਾਈ ਕਰਨਗੇ।

14.0 ਜ਼ਿਲ੍ਹਾ ਸਿੱਖਿਆ ਅਫਸਰ ਦੁਆਰਾ ਸਕੂਲ ਮੁਖੀਆਂ ਦੀ ਮਹੀਨਾਵਾਰ ਮੀਟਿੰਗ ਵਿੱਚ English Circles ਨੂੰ ਅਜੰਡੇ ਵਿੱਚ ਸ਼ਾਮਲ ਕੀਤਾ ਜਾਵੇ।

15.0 ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਕਿਰਨ ਸ਼ਰਮਾ, ਪੀ.ਸੀ.ਐਸ.
ਡਾਇਰੈਕਟਰ ਐੱਸ.ਸੀ.ਈ.ਆਰ.ਟੀ.,ਪੰਜਾਬ।

ਪਿਠ ਅੰਕਣ ਨੰ:ਉਕਤ ਮਿਤੀ: 18.07.25

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਸਕੂਲ ਮੁਖੀ(ਸੈਕੰਡਰੀ/ਸੀਨੀਅਰ ਸੈਕੰਡਰੀ) ਪੰਜਾਬ।
2. ਸਮੂਹ ਡੀ.ਆਰ.ਸੀ./ਬੀ.ਆਰ.ਸੀ.(ਅੱਪਰ ਪ੍ਰਾਇਮਰੀ)

Rajeev
ਸਹਾਇਕ ਡਾਇਰੈਕਟਰ (AQT)
ਐੱਸ.ਸੀ.ਈ.ਆਰ.ਟੀ,ਪੰਜਾਬ।

[illegible]